# ਆਪਣੀਆਂ ਦਵਾਈਆਂ ਅਤੇ ਇਲਾਜ ਦੀਆਂ ਚੀਜ਼ਾਂ ਲੈਣ ਦਾ ਨਵਾਂ ਢੰਗ

**ਇਲੈਕਟ੍ਰੌਨਿਕ ਪ੍ਰੈਸਕ੍ਰਿਪਸ਼ਨ ਸਰਵਿਸ (ਈ ਪੀ ਐੱਸ) ਐਨ ਐਚ ਐੱਸ ਵਲੋਂ ਮਿਲਣ ਵਾਲੀ ਸਹੂਲਤ ਹੈ। ਇਹਦੇ ਰਾਹੀਂ ਤੁਸੀਂ ਉਸ ਢੰਗ ਨੂੰ ਬਦਲ ਸਕਦੇ ਹੋ ਜਿਹਦੇ ਨਾਲ ਤੁਹਾਡਾ ਜੀ ਪੀ ਡਾਕਟਰ ਦਵਾਈ ਦੀ ਪ੍ਰੈਸਕ੍ਰਿਪਸ਼ਨ ਉਸ ਥਾਂ ਭੇਜਦਾ ਹੈ ਜਿੱਥੋਂ ਤੁਸੀਂ ਦਵਾਈਆਂ ਅਤੇ ਇਲਾਜ ਦੀਆਂ ਹੋਰ ਚੀਜ਼ਾਂ ਲੈਣ ਦਾ ਫ਼ੈਸਲਾ ਕਰਦੇ ਹੋ।**

### ਤੁਹਾਡੇ ਲਈ ਇਹਦਾ ਕੀ ਅਰਥ ਹੈ?

- ਜੇ ਤੁਸੀਂ ਆਪਣੇ ਜੀ ਪੀ ਤੋਂ ਰੀਪੀਟ ਪ੍ਰੈਸਕ੍ਰਿਪਸ਼ਨਾਂ ਲੈਂਦੇ ਹੋ, ਤਾਂ ਪ੍ਰੈਸਕ੍ਰਿਪਸ਼ਨ ਲੈਣ ਲਈ ਤੁਹਾਨੂੰ ਜੀ ਪੀ ਦੀ ਸਰਜਰੀ ਜਾਣ ਦੀ ਲੋੜ ਨਹੀਂ ਪਏਗੀ। ਸਗੋਂ ਜੀ ਪੀ ਇਹਨੂੰ ਕੰਪਿਊਟਰ ਰਾਹੀਂ ਉਸ ਥਾਂ ਭੇਜੇਗਾ ਜਿੱਥੇ ਤੁਸੀਂ ਚਾਹੁੰਦੇ ਹੋ। ਇਸ ਤਰ੍ਹਾਂ ਤੁਹਾਡਾ ਸਮਾਂ ਬਚੇਗਾ।
- ਤੁਸੀਂ ਕਿਸ ਫ਼ਾਰਮੇਸੀ ਤੋਂ ਦਵਾਈ ਲੈਣੀ ਹੈ, ਇਹਦੇ ਬਾਰੇ ਤੁਸੀਂ ਵੱਧ ਚੋਣ ਕਰ ਸਕਦੇ ਹੋ, ਕਿਉਂਕਿ ਤੁਸੀਂ ਆਪਣੇ ਘਰ, ਕੰਮ ਜਾਂ ਦੁਕਾਨ ਦੇ ਨੇੜੇ ਦੀ ਫ਼ਾਰਮੇਸੀ ਚੁਣ ਸਕਦੇ ਹੋ।
- ਤੁਹਾਨੂੰ ਫ਼ਾਰਮੇਸੀ ਵਿਚ ਜ਼ਿਆਦਾ ਉਡੀਕ ਨਹੀਂ ਕਰਨੀ ਪਏਗੀ, ਕਿਉਂਕਿ ਤੁਹਾਡੇ ਪਹੁੰਚਣ ਤੋਂ ਪਹਿਲਾਂ ਦਵਾਈਆਂ ਤਿਆਰ ਕਰਨ ਲਈ ਉਹਨਾਂ ਕੋਲ ਸਮਾਂ ਹੋਏਗਾ।

### ਕੀ ਇਹ ਸਹੂਲਤ ਮੇਰੇ ਲਈ ਠੀਕ ਹੈ?

ਹਾਂ, ਜੇ ਤੁਹਾਨੂੰ ਕੋਈ ਲੰਮੇ ਸਮੇਂ ਦੀ ਮਰਜ਼ ਹੈ, ਅਤੇ ਤੁਸੀਂ:

- ਪ੍ਰੈਸਕ੍ਰਿਪਸ਼ਨ ਲੈਣ ਲਈ ਹਰ ਵਾਰ ਜੀ ਪੀ ਸਰਜਰੀ ਨਹੀਂ ਜਾਣਾ ਚਾਹੁੰਦੇ।
- ਪ੍ਰੈਸਕ੍ਰਿਪਸ਼ਨਾਂ ਲੈਣ ਲਈ ਆਮ ਤੌਰ 'ਤੇ ਇੱਕੋ ਥਾਂ ਜਾਂਦੇ ਹੋ।
- ਇਸ ਵੇਲੇ ਪ੍ਰੈਸਕ੍ਰਿਪਸ਼ਨਾਂ ਇਕੱਠੀਆਂ ਕਰਨ ਵਾਲੀ ਸਹੂਲਤ ਦੀ ਵਰਤੋਂ ਕਰਦੇ ਹੋ।

ਨਹੀਂ, ਜੇ ਤੁਸੀਂ:

- ਪ੍ਰੈਸਕ੍ਰਿਪਸ਼ਨਾਂ ਜ਼ਿਆਦਾ ਵਾਰ ਨਹੀਂ ਲੈਂਦੇ।
- ਵੱਖ ਵੱਖ ਥਾਂਵਾਂ ਤੋਂ ਦਵਾਈਆਂ ਲੈਂਦੇ ਹੋ।
- ਸਫ਼ਰ 'ਤੇ ਰਹਿੰਦੇ ਹੋ, ਜਾਂ ਜ਼ਿਅਦਾ ਸਮਾਂ ਘਰੋਂ ਦੂਰ ਕੰਮ ਕਰਦੇ ਹੋ।

### ਤੁਸੀਂ ਈ ਪੀ ਐੱਸ ਦੀ ਵਰਤੋਂ ਕਿਵੇਂ ਕਰ ਸਕਦੇ ਹੋ?

ਤੁਹਾਨੂੰ ਇਕ ਥਾਂ ਦੀ ਚੋਣ ਕਰਨੀ ਪਏਗੀ ਜਿੱਥੇ ਤੁਹਾਡੀ ਜੀ ਪੀ ਸਰਜਰੀ ਕੰਪਿਊਟਰ ਰਾਹੀਂ ਪ੍ਰੈਸਕ੍ਰਿਪਸ਼ਨਾਂ ਭੇਜ ਸਕੇ। ਇਹਨੂੰ *ਨੌਮੀਨੇਸ਼ਨ* (ਨਾਂ ਪੇਸ਼ ਕਰਨਾ) ਆਖਿਆ ਜਾਂਦਾ ਹੈ। ਤੁਸੀਂ ਇਹ ਚੋਣ ਕਰ ਸਕਦੇ ਹੋ:

- ਕੋਈ ਫ਼ਾਰਮੇਸੀ।
- ਇਲਾਜ ਦੀਆਂ ਚੀਜ਼ਾਂ ਵੇਚਣ ਵਾਲਾ ਠੇਕੇਦਾਰ (ਜੇ ਤੁਸੀਂ ਇਹਦੀ ਵਰਤੋਂ ਕਰਦੇ ਹੋ)।
- ਪ੍ਰੈਸਕ੍ਰਿਪਸ਼ਨਾਂ ਲਿਖਣ ਵਾਲੀ ਜੀ ਪੀ ਪ੍ਰੈਕਟਿਸ (ਜੇ ਤੁਸੀਂ ਇਹ ਲੈਣ ਦੇ ਯੋਗ ਹੋ)।

ਤੁਸੀਂ ਈ ਪੀ ਐੱਸ ਦੀ ਸਹੂਲਤ ਦੇਣ ਵਾਲੀ ਫ਼ਾਰਮੇਸੀ ਜਾਂ ਇਲਾਜ ਦੀਆਂ ਦੀਆਂ ਚੀਜ਼ਾਂ ਵੇਚਣ ਵਾਲੇ ਠੇਕੇਦਾਰ ਨੂੰ ਪੁੱਛ ਕੇ ਉਹਦੀ ਨੌਮੀਨੇਸ਼ਨ ਕਰੋ। ਇਹਦੇ ਲਈ ਤੁਹਾਨੂੰ ਕੰਪਿਊਟਰ ਦੀ ਵਰਤੋਂ ਕਰਨ ਦੀ ਲੋੜ ਨਹੀਂ।

### ਕੀ ਮੈਂ ਨੌਮੀਨੇਸ਼ਨ ਬਦਲ ਕੇ ਜਾਂ ਕੈਂਸਲ ਕਰਕੇ ਕਾਗ਼ਜ਼ੀ ਪ੍ਰੈਸਕ੍ਰਿਪਸ਼ਨਾਂ ਲੈਣਾ ਸ਼ੁਰੂ ਕਰ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਇਹ ਕੰਮ ਕਰ ਸਕਦੇ ਹੋ। ਜੇ ਤੁਸੀਂ ਆਪਣੀਆਂ ਪ੍ਰੈਸਕ੍ਰਿਪਸ਼ਨਾਂ ਕੰਪਿਊਟਰ ਨਾਲ ਨਹੀਂ ਭਿਜਵਾਉਣਾ ਚਾਹੁੰਦੇ, ਤਾਂ ਆਪਣੇ ਜੀ ਪੀ ਨੂੰ ਦੱਸ ਦਿਓ। ਜੇ ਤੁਸੀਂ ਨੌਮੀਨੇਸ਼ਨ ਬਦਲਣਾ ਜਾਂ ਕੈਂਸਲ ਕਰਨਾ ਚਾਹੁੰਦੇ ਹੋ, ਤਾਂ ਆਪਣੀ ਈ ਪੀ ਐੱਸ ਸਹੂਲਤ ਦੇਣ ਵਾਲੀ ਫ਼ਾਰਮੇਸਿਸਟ ਨੂੰ ਜਾਂ ਠੇਕੇਦਾਰ ਨੂੰ ਜਾਂ ਆਪਣੀ ਜੀ ਪੀ ਸਰਜਰੀ ਨੂੰ ਦੱਸੋ। ਅਗਲੀ ਪ੍ਰੈਸਕ੍ਰਿਪਸ਼ਨ ਦਾ ਸਮਾਂ ਆਉਣ ਤੋਂ ਪਹਿਲਾਂ ਦੱਸੋ, ਨਹੀਂ ਤਾਂ ਤੁਹਾਡੀ ਪ੍ਰੈਸਕ੍ਰਿਪਸ਼ਨ ਗ਼ਲਤ ਥਾਂ ਭੇਜੀ ਜਾ ਸਕਦੀ ਹੈ।

### ਕੀ ਈ ਪੀ ਐੱਸ ਭਰੋਸੇਯੋਗ, ਸੁਰੱਖਿਅਤ ਅਤੇ ਗੁਪਤ ਹੈ?

ਹਾਂ। ਜੀ ਪੀ ਸਰਜਰੀ ਵਿਚ, ਫ਼ਾਰਮੇਸੀਆਂ ਵਿਚ, ਐਨ ਐਚ ਐੱਸ ਪ੍ਰੈਸਕ੍ਰਿਪਸ਼ਨਾਂ ਦੇ ਪੈਸਿਆਂ ਦਾ ਫ਼ੈਸਲਾ ਕਰਨ ਵਾਲੇ ਅਤੇ ਫ਼੍ਰਾਡ ਏਜੰਸੀਆਂ ਵਾਲੇ ਉਹੀ ਲੋਕ ਤੁਹਾਡੀਆਂ ਪ੍ਰੈਸਕ੍ਰਿਸ਼ਨਾਂ ਦੇਖਣਗੇ ਜੋ ਹੁਣ ਦੇਖਦੇ ਹਨ।

ਕਈ ਵਾਰ ਦਵਾਈਆਂ ਦੇਣ ਵਾਲੇ ਦੇਖਣਗੇ ਕਿ ਤੁਸੀਂ ਕਿਸੇ ਹੋਰ ਦਾ ਨਾਂ ਨੌਮੀਨੇਟ ਕੀਤਾ ਹੈ। ਜਿਵੇਂ ਕਿ, ਜੇ ਤੁਹਾਨੂੰ ਭੁੱਲ ਜਾਏ ਕਿ ਤੁਸੀਂ ਕਿਹਦਾ ਨਾਂ ਪੇਸ਼ ਕੀਤਾ ਹੈ ਅਤੇ ਉਹਨਾਂ ਨੂੰ ਚੈਕ ਕਰਨ ਲਈ ਕਹੋ, ਜਾਂ ਤੁਸੀਂ ਇਕ ਤੋਂ ਵੱਧ ਨਾਂ ਪੇਸ਼ ਕੀਤੇ ਹਨ।

**ਈ ਪੀ ਐੱਸ ਬਾਰੇ ਹੋਰ ਜਾਣਕਾਰੀ ਇਸ ਵੈੱਬਸਾਈਟ ਤੋਂ www.hscic.gov.uk/eps, ਆਪਣੀ ਫ਼ਾਰਮੇਸੀ ਜਾਂ ਜੀ ਪੀ ਪ੍ਰੈਕਟਿਸ ਤੋਂ ਲਓ।**